# ਪੰਜਾਬੀ ਸਾਹਿਤ ਦਾ ਇਤਿਹਾਸ
# ਪੰਜਾਬੀ ਨਾਟਕ ਦਾ ਨਿਕਾਸ ਤੇ ਵਿਕਾਸ

M. A. 1st 2nd semester.

# ਪੰਜਾਬੀ ਨਾਟਕ/ਇਕਾਂਗੀ ਦਾ ਨਿਕਾਸ ਤੇ ਵਿਕਾਸ

ਪੰਜਾਬੀ ਨਾਟਕ ਦੇ ਜਨਮ ਨੂੰ ਵੈਦਿਕ ਕਾਲ ਵਿਚ ਰਚੇ ਗਏ ਸੰਸਕ੍ਰਿਤ ਨਾਟਕ, ਪੱਛਮੀ ਵਿਦਿਆ ਦੇ ਪ੍ਰਭਾਵਾਂ ਅਤੇ ਮੱਧਕਾਲੀ ਬਿਰਤਾਂਤਕ ਸਾਹਿਤ ਰੂਪਾਂ ਨਾਲ ਜੋੜ ਕੇ ਦੇਖ-2 ਵਿਦਵਾਨ ਵੇਖਦੇ ਨੂੰ ਮਿਲਦੇ ਹਨ। ਆਧੁਨਿਕ ਪੰਜਾਬੀ ਨਾਟਕ ਹੋਰ ਸਾਹਿਤ ਰੂਪਾਂ ਵਾਂਗ ਪੱਛਮੀ ਪ੍ਰਭਾਵਾਂ ਦੀ ਉਪਜ ਹੈ, ਭਾਵੇਂ ਇਸ ਵਿਚ ਭਾਰਤੀ ਨਾਟਕ ਤੇ ਸਾਹਿਤ-ਪਰੰਪਰਾ ਦੇ ਤੱਤ ਵੀ ਸਮਾਏ ਹੋਏ ਹਨ। ਪੰਜਾਬੀ ਵਿਚ ਨਾਟਕ ਦੀਆਂ ਜੜ੍ਹਾਂ ਭਾਰਤੀ ਲੋਕ-ਨਾਟ ਪਰੰਪਰਾ ਵਿਚ ਵਿਦਮਾਨ ਸਨ ਪਰੰਤੂ ਸਾਹਿਤ ਦਾ ਇਕ ਰੂਪ ਅੰਗਰੇਜ਼ਾਂ ਦੇ ਪੰਜਾਬ ਉੱਤੇ ਕਬਜ਼ੇ ਉਪਰੰਤ ਪਾਰਸੀ ਥੀਏਟਰ ਕੰਪਨੀਆਂ ਦੁਆਰਾ ਨਾਟਕ ਖੇਡਣ ਨਾਲ ਹੋਂਦ ਗ੍ਰਹਿਣ ਕਰਦਾ ਹੈ। ਈਸਾਈ ਧਰਮ ਦੇ ਪ੍ਰਚਾਰ ਹਿਤ ਖੇਡੇ ਜਾਣ ਵਾਲੇ ਇਨ੍ਹਾਂ ਨਾਟਕਾਂ ਦੇ ਪ੍ਰਭਾਵਸ਼ਾਲੀ ਸੁਭਾਵਾਂ ਤੋਂ ਪ੍ਰਭਾਵਿਤ ਹੋ ਕੇ ਪੰਜਾਬੀ ਸਾਹਿਤਕਾਰਾਂ ਦਾ ਧਿਆਨ ਇਸ ਕਲਾ-ਰੂਪ ਦੀ ਸਿਰਜਣਾ ਵੱਲ ਗਿਆ। ਇਸ ਤਰ੍ਹਾਂ ਪੰਜਾਬੀ ਸਾਹਿਤਕਾਰਾਂ ਨੇ ਸ੍ਵੈਧਰਮ ਤੇ ਸਦਾਚਾਰ ਦੀ ਸੁਰੱਖਿਆ ਹਿੱਤ, ਸਮਾਜਕ ਜਾਗ੍ਰਿਤੀ ਲਈ ਪੰਜਾਬੀ ਨਾਟਕਾਂ ਦੀ ਸਿਰਜਣਾ ਆਰੰਭ ਕੀਤੀ।

ਪੰਜਾਬੀ ਦੇ ਮੁੱਢਲੇ ਨਾਟਕ ਸੰਸਕ੍ਰਿਤ ਤੇ ਅੰਗਰੇਜ਼ੀ ਨਾਟਕਾਂ ਦੇ ਅਨੁਵਾਦ ਰੂਪ ਵਜੋਂ ਪ੍ਰਕਾਸ਼ਿਤ ਹੋਏ। ਡਾ. ਚਰਨ ਸਿੰਘ ਨੇ ਕਾਲੀਦਾਸ ਦੇ ਪ੍ਰਸਿੱਧ ਨਾਟਕ 'ਸ਼ਕੁੰਤਲਾ' ਦਾ ਇਸੇ ਨਾਮ ਹੇਠ ਅਨੁਵਾਦ ਕੀਤਾ। ਸਾਨ ਸਿੰਘ ਨੇ ਕਾਲੀਦਾਸ ਦੇ ਪ੍ਰਸਿੱਧ ਨਾਟਕ ਵਿਕ੍ਰਮੋਰਵਸ਼ੀ ਦਾ ਅਨੁਵਾਦ ਕੀਤਾ। ਬਲਵੰਤ ਸਿੰਘ ਤੇ ਨਰਾਇਣ ਸਿੰਘ ਨੇ Shakespeare ਦੇ ਨਾਟਕ 'ਕਿੰਗਲੀਅਰ' ਨੂੰ ਪੰਜਾਬੀ ਰੂਪ ਦਿੱਤਾ। ਮੋਹਨ ਸਿੰਘ ਵੈਦ ਨੇ 'ਕਮੇਡੀ ਆਫ਼ ਐਰਰਜ਼' ਨੂੰ 'ਭੁਲ ਭੁਲੱਈਆਂ' ਤੇ ਅਮਰ ਸਿੰਘ ਨੇ 'ਓਥੈਲੋ' ਨੂੰ 'ਦੇਸ਼ਰਤਨ' ਸਿਰਲੇਖਾਂ ਹੇਠ ਪੰਜਾਬੀ ਰੂਪ ਦਿੱਤਾ। ਇਸੇ ਸਮੇਂ ਹੀ ਅਨੁਵਾਦਿਤ ਤੇ ਮੌਲਿਕ ਨਾਟਕਾਂ ਨੂੰ ਸਟੇਜ ਪ੍ਰਾਪਤ ਹੋ ਗਈ, ਜਿਸ ਕਰਕੇ ਨਾਟਕ ਖੇਡੇ ਜਾਣ ਲਈ ਲਿਖੇ ਜਾਣ ਲੱਗ ਪਏ।

ਪੰਜਾਬੀ ਨਾਟਕ ਰੂਪ ਤੇ ਤਿੰਨ ਪੜਾਅ ਤੈਅ ਕਰ ਚੁੱਕਾ ਹੈ। ਪਹਿਲੇ ਦੌਰ ਦੇ ਨਾਟਕਕਾਰਾਂ ਵਿਚ ਬਾਵਾ ਬੁੱਧ ਸਿੰਘ, ਬ੍ਰਿਜ ਲਾਲ ਸ਼ਾਸਤਰੀ, ਕਿਰਪਾ ਸਾਗਰ, ਭਾਈ ਵੀਰ ਸਿੰਘ ਆਦਿ ਨੇ ਇਤਿਹਾਸਕ ਤੇ ਪੌਰਾਣਿਕ ਕਥਾਵਾਂ 'ਤੇ ਆਧਾਰਿਤ ਨਾਟਕਾਂ ਤੇ ਇਕਾਂਗੀਆਂ ਦੀ ਸਿਰਜਣਾ ਕਰਕੇ ਧਾਰਮਿਕ ਸੁਰੱਖਿਆ ਤੇ ਸਦਾਚਾਰਕ ਕੀਮਤਾਂ 'ਤੇ ਬਲ ਦਿੱਤਾ। ਭਾਈ ਵੀਰ ਸਿੰਘ ਨੇ 'ਰਾਜਾ ਲੱਖਦਾਤਾ ਸਿੰਘ' ਸਿੱਖ ਧਰਮ ਵਿਚ ਆਈ ਗਿਰਾਵਟ ਨੂੰ ਦੂਰ ਕਰਨ ਲਈ ਸੁਧਾਰਵਾਦੀ ਦ੍ਰਿਸ਼ਟੀ ਤੋਂ ਲਿਖਿਆ। ਗਿਆਨੀ ਦਿੱਤ ਸਿੰਘ ਨੇ 'ਸੁਪਨ ਨਾਟਕ' ਤੇ 'ਰਾਜ-ਪ੍ਰਬੋਧ' ਦੇ ਨਾਟਕਾਂ ਦੀ ਸਿਰਜਣਾ ਦੁਆਰਾ ਸਿੱਖ ਧਰਮ ਦੇ ਸਿਧਾਂਤਾਂ ਤੇ ਵਿਚਾਰਾਂ ਨੂੰ ਪ੍ਰਚਾਰਨ ਦਾ ਯਤਨ ਕੀਤਾ। ਬਾਵਾ ਬੁੱਧ ਸਿੰਘ ਨੇ 'ਚੰਦਰ ਹਰੀ', 'ਨਾਰ ਨਵੇਲੀ', '[illegible]' ਤੇ 'ਦਾਮਨੀ' ਨਾਟਕਾਂ ਵਿਚ ਸਮਾਜਕ ਜੀਵਨ ਦੀਆਂ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ।

Scanned with CamScanner

ਲਾਲਾ ਕਿਰਪਾ ਸਾਗਰ ਨੇ 'ਮਹਾਰਾਜਾ ਰਣਜੀਤ ਸਿੰਘ' (ਇਤਿ. ਡਰਾਮਾ) ਅਤੇ 'ਵੀਰੇ ਜੈਮਲ' ਨਾਟਕਾਂ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਪੰਜਾਬ ਦੇ ਦੇਸ਼ੀ ਨਾਇਕ ਵਜੋਂ ਉਭਾਰਨ ਦਾ ਯਤਨ ਕੀਤਾ ਹੈ। ਇਸ ਕਾਲ ਸਾਮਗਰੀ ਨੇ ਪੂਰਨ ਨਾਟਕ, ਸਾਹਿਤਕ, ਸੁਧਰਿਆ ਆਦਿ ਨਾਟਕਾਂ ਦੀ ਰਚਨਾ ਰਾਹੀਂ ਸਦਾਚਾਰਕ ਕੀਮਤਾਂ ਦੇ ਪ੍ਰਚਾਰ ਦੁਆਰਾ ਆਚਰਨ ਉਸਾਰੀ ਦੀ ਯੋਜਨਾ ਕਿੱਤੀ ਹੈ। ਇਸ ਦੌਰ ਦਾ ਨਾਟਕ ਸੁਧਾਰਵਾਦੀ ਦ੍ਰਿਸ਼ਟੀ ਦਾ ਧਾਰਨੀ ਹੈ। ਇਹਨਾਂ ਨਾਟਕਾਂ ਵਿਚ ਮੌਲਿਕਤਾ ਦੀ ਘਾਟ, ਰੰਗ-ਮੰਚੀ ਅਸਫਲਤਾ, ਨਾਟਕੀ ਟਕਰਾ ਤੇ ਕਾਰਜ ਸ਼ੀਲਤਾ ਦੀ ਅਣਹੋਂਦ ਆਦਿ ਕਲਾਤਮਕ ਕਮਜ਼ੋਰੀਆਂ ਵੇਖਣ ਨੂੰ ਮਿਲਦੀਆਂ ਹਨ।

**ਪੜਾਅ** ਈਸ਼ਵਰ ਚੰਦਰ ਨੰਦਾ ਦੇ ਪ੍ਰਵੇਸ਼ ਨਾਲ ਪੰਜਾਬੀ ਨਾਟਕ ਦੂਜੇ ਪੜਾਅ ਵਿਚ ਪ੍ਰਵੇਸ਼ ਕਰਦਾ ਹੈ। ਇਸ ਦੌਰ ਦੇ ਨਾਟਕਕਾਰਾਂ ਨੇ ਯਥਾਰਥਵਾਦੀ ਪਰੰਪਰਾ ਨੂੰ ਵਿਕਸਿਤ ਕਰਨ ਦਾ ਯਤਨ ਕੀਤਾ ਅਤੇ ਨਾਟਕਾਂ ਦੀ ਰਚਨਾ ਰੰਗਮੰਚ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਕੀਤੀ। ਨੰਦਾ ਨੇ ਸ੍ਰੀਮਤੀ ਨੋਰਾ ਰਿਚਰਡ ਦੀ ਪ੍ਰੇਰਨਾ ਤੇ ਉਤਸ਼ਾਹ ਸਦਕਾ 1913 ਈ: ਵਿਚ 'ਦੁਲਹਨ' (ਸੁਹਾਗ) ਇਕਾਂਗੀ ਦੀ ਸਿਰਜਨਾ ਦੁਆਰਾ ਵਿਦਿਆਰਥੀ ਜੀਵਨ ਵਿਚ ਹੀ ਨਾਟਕ ਰਚਨਾ ਆਰੰਭ ਕਰ ਦਿੱਤੀ ਸੀ। ਨੰਦਾ ਦੇ ਨਾਟਕ ਸਮਾਜਿਕ ਵਿਸ਼ਿਆਂ, ਯਥਾਰਥਵਾਦੀ ਸਮੱਸਿਆਵਾਂ ਅਤੇ ਰੰਗ-ਮੰਚੀ ਅਨੁਕੂਲਤਾ ਦੇ ਧਾਰਨੀ ਹੋਣ ਕਰਕੇ ਉਸਨੂੰ ਪੰਜਾਬੀ ਨਾਟਕ ਦਾ ਪਿਤਾਮਾ ਕਿਹਾ ਜਾਂਦਾ ਹੈ। ਨੰਦਾ ਨੇ ਚਾਰ ਪੂਰੇ ਨਾਟਕ ਤੇ ਇਕ ਦਰਜਨ ਇਕਾਂਗੀਆਂ ਦੀ ਰਚਨਾ ਕੀਤੀ ਹੈ। ਉਸਨੇ ਸੁਭੱਦਰਾ, ਵਰ-ਘਰ, ਸੋਸ਼ਲ ਸਰਕਲ ਤੇ ਸ਼ਾਮੂ ਸ਼ਾਹ ਚਾਰ ਪੂਰੇ ਨਾਟਕਾਂ ਤੋਂ ਇਲਾਵਾ ਝਲਕਾਰੇ, ਲਿਸ਼ਕਾਰੇ ਤੇ ਚਮਕਾਰੇ ਤਿੰਨ ਇਕਾਂਗੀ ਸੰਗ੍ਰਹਿ ਲਿਖੇ ਹਨ। ਨੰਦਾ ਪੰਜਾਬੀ ਨਾਟਕ ਨੂੰ ਇਤਿਹਾਸਕ, ਮਿਥਿਹਾਸਕ ਤੇ ਧਾਰਮਿਕ ਵਿਸ਼ਿਆਂ ਦੀ ਵਲਗਣ ਵਿਚੋਂ ਕੱਢ ਕੇ ਸਮਾਜਿਕ ਵਿਸ਼ਿਆਂ ਤੇ ਕੇਂਦ੍ਰਿਤ ਕਰਦਾ ਹੈ। ਉਸਨੇ ਸਮਾਜਿਕ ਜੀਵਨ ਦੀਆਂ ਪ੍ਰਚਲਿਤ ਸਮੱਸਿਆਵਾਂ ਨੂੰ ਆਧਾਰ ਬਣਾ ਕੇ ਸਮਾਜ ਸੁਧਾਰ ਪਰੰਪਰਾ ਨੂੰ ਵਿਕਸਿਤ ~~ਕੀਤਾ~~ ਕਰਨ ਦਾ ਕਾਰਜ ਕੀਤਾ ਹੈ। ਉਸਦੇ ਨਾਟਕਾਂ ਤੇ ਇਕਾਂਗੀਆਂ ਵਿਚ ਕਥਾਨਕ, ਕਾਰਜ, ਪਾਤਰ, ਵਾਰਤਾਲਾਪ ਆਦਿ ਤੱਤਾਂ ਦੀ ਕਲਾਤਮਕ ਸਿਰਜਨਾ ਦੇ ਪ੍ਰਮਾਣ ਵੇਖਣ ਨੂੰ ਮਿਲਦੇ ਹਨ।

ਡਾ. ਹਰਚਰਨ ਸਿੰਘ ਨੂੰ ਈਸ਼ਵਰ ਚੰਦਰ ਨੰਦਾ ਦਾ ਸਾਹਿਤਕ ਉੱਤਰਾਧਿਕਾਰੀ ਕਿਹਾ ਜਾਂਦਾ ਹੈ। ਉਸਨੇ ਅੰਗਰੇਜ਼ੀ ਨਾਟਕ ਤੇ ਰੰਗਮੰਚ ਦਾ ਅਧਿਐਨ ਕਰਕੇ ਪੰਜਾਬੀ ਨਾਟਕ ਵਿਚ ਵਿਸ਼ੇ, ਦ੍ਰਿਸ਼ਟੀ ਤੇ ਕਲਾ ਪੱਖ ਤੋਂ ਨਵੀਨਤਾ ਲਿਆਂਦੀ। ਉਸਦੀ ਪੰਜਾਬੀ ਰੰਗਮੰਚ ਨੂੰ ਵਿਸ਼ੇਸ਼ ਦੇਣ ਆਪਣੀ ਪਤਨੀ ਨੂੰ ਇਸਤਰੀ ਅਦਾਕਾਰਾ ਦੇ ਰੂਪ ਵਿਚ ਮੰਚ ਤੇ ਪੇਸ਼ ਕਰਕੇ ਨਵੀਂ ਪਿਰਤ ਸਥਾਪਿਤ ਕਰਨਾ ਹੈ। ਹਰਚਰਨ ਸਿੰਘ ਦੀ ਨੰਦਾ ਵਾਂਗ ਸੁਧਾਰਵਾਦੀ ਕਲਾ ਦੀ ਉਪਜ ਹੈ। ਉਸਨੇ ਰਾਜਾ ਪੋਰਸ, ਕਮਲਾ ਕੁਮਾਰੀ, ਅਨਜੋੜ, ਪੂਨਿਆਂ ਦਾ ਚੰਨ, ਰਤਾ ਸਾਲੂ ਆਦਿ ਪੂਰੇ ਨਾਟਕਾਂ ਤੋਂ ਇਲਾਵਾ ਜੀਵਨ ਲੀਲਾ, ਸਤਰੰਗੀ, ਪੰਜ ਤੀਰ?, ਅਜੂਰੇ ਦੀ ਸੁਗੰਧ, ਚਾਨਣ ਆਦਿ ਇਕਾਂਗੀ ਸੰਗ੍ਰਹਿ ਲਿਖੇ ਹਨ। ਉਸਦੇ ਨਾਟਕ ਤੇ ਇਕਾਂਗੀ ਵਿਸ਼ੇ ਤੇ ਰੂਪਾਕਾਰ ਪੱਖਾਂ ਤੋਂ ਸਫ਼ਲ ਹਨ।

Scanned with CamScanner

ਸੰਤ ਸਿੰਘ ਸੇਖੋਂ ਦੀ ਨਾਟਕ ਰਚਨਾ ਨਾਲ ਯਥਾਰਥਵਾਦ ਦੀ ਪਰੰਪਰਾ ਹੋਰ ਪੱਕੀ ਹੁੰਦੀ ਹੈ। ਸੇਖੋਂ ਪ੍ਰਗਤੀਵਾਦੀ ਵਿਚਾਰ ਵਾਲਾ ਨਾਟਕਕਾਰ ਹੈ। ਉਸਨੇ ਕਲਾਕਾਰ, ਨਾਰਕੀ, ਵਾਰਸ, ਬੇਦੀਵਾਨ, ਮੋਇਆਂ ਸਾਰ ਨਾ ਕਾਈ, ਬੇੜਾ ਬੰਧੁ ਨ ਸਕਿਓ, ਦਮਯੰਤੀ, ਮਿੱਤਰ ਪਿਆਰਾ ਆਦਿ ਪੂਰੇ ਨਾਟਕਾਂ ਤੋਂ ਇਲਾਵਾ ਤਪਿਆ ਕਿਉਂ ਖਪਿਆ, ਨਾਟ ਸੁਨੇਹੇ ਤੇ ਸੁੰਦਰਪਦ ਇਕਾਂਗੀ ਸੰਗ੍ਰਹਿ ਲਿਖੇ ਹਨ। ਸੇਖੋਂ ਨੇ ਆਪਣੇ ਨਾਟਕਾਂ ਤੇ ਇਕਾਂਗੀਆਂ ਵਿਚ ਇਤਿਹਾਸਕ ਤੇ ਮਿਥਿਹਾਸਕ ਘਟਨਾਵਾਂ ਨੂੰ ਸਮਕਾਲੀ ਜੀਵਨ ਦੀਆਂ ਸਮੱਸਿਆਵਾਂ ਨਾਲ ਜੋੜ ਕੇ ਮਨੁੱਖੀ ਸੁੱਖਾਂ ਤੇ ਲੋਕ ਹਿੱਤਾਂ ਦੀ ਗੱਲ ਕੀਤੀ ਹੈ। ਉਸਦੇ ਨਾਟਕ ਤੇ ਇਕਾਂਗੀ ਬੌਧਿਕ ਹੋਣ ਕਰਕੇ ਰੰਗਮੰਚ ਤੇ ਸਫਲਤਾ ਪ੍ਰਾਪਤ ਨਹੀਂ ਕਰ ਸਕੇ।

ਬਲਵੰਤ ਗਾਰਗੀ ਪੰਜਾਬੀ ਸਾਹਿਤ ਦਾ ਲੋਕਪ੍ਰਿਯ ਨਾਟਕਕਾਰ ਹੈ, ਜਿਸਨੇ ਪੱਛਮੀ ਦ੍ਰਿਸ਼ਟੀ ਤੋਂ ਨਾਟਕ ਨੂੰ ਨਵਾਂ ਰੂਪ ਪ੍ਰਦਾਨ ਕੀਤਾ। ਗਾਰਗੀ ਦੇ ਨਾਟਕਾਂ ਦੀ ਰੰਗਮੰਚੀ ਸਫਲਤਾ ਉਸਦੀ ਲੋਕਪ੍ਰਿਯਤਾ ਦਾ ਮੂਲ ਕਾਰਨ ਹੈ। ਗਾਰਗੀ ਨੇ ਲੋਹਾ ਕੁੱਟ, ਸੈਲ ਪੱਥਰ, ਘੁੱਗੀ, ਕੇਸਰੋ, ਕਣਕ ਦੀ ਬੱਲੀ, ਧੂਣੀ ਦੀ ਅੱਗ, ਸੁਲਤਾਨ ਰਜ਼ੀਆ ਆਦਿ ਪੂਰੇ ਨਾਟਕਾਂ ਤੋਂ ਇਲਾਵਾ ਕੁਆਰੀ ਟੀਸੀ, ਦੋ ਪਾਸੇ, ਪੱਤਣ ਦੀ ਬੇੜੀ, ਦੁੱਧ ਦੀਆਂ ਧਾਰਾਂ, ਪੈਂਤੜੇਬਾਜ਼ ਆਦਿ ਇਕਾਂਗੀ-ਸੰਗ੍ਰਹਿ ਲਿਖੇ ਹਨ। ਗਾਰਗੀ ਪੇਂਡੂ ਤੇ ਸ਼ਹਿਰੀ ਜੀਵਨ ਦੀਆਂ ਸਮੱਸਿਆਵਾਂ ਯਥਾਰਥ ਤੇ ਰੁਮਾਂਸ ਦੇ ਸੁਚੱਜੇ ਮੇਲ ਦੁਆਰਾ ਪ੍ਰਸਤੁਤ ਕਰਦਾ ਹੈ। ਉਸਦੇ ਨਾਟਕਾਂ ਤੇ ਇਕਾਂਗੀਆਂ ਵਿਚ ਚੁਸਤ ਵਾਰਤਾਲਾਪ, ਰੋਮਾਂਟਿਕ ਵਾਤਾਵਰਨ, ਪਾਤਰਾਂ ਦੇ ਮਾਨਸਿਕ ਰਾਜ਼, ਪ੍ਰਤੀਕਮਈ ਸ਼ੈਲੀ ਨਵਾਂ ਰੰਗ ਭਰਦੇ ਪ੍ਰਤੀਤ ਹੁੰਦੇ ਹਨ।

ਗੁਰਦਿਆਲ ਸਿੰਘ ਖੋਸਲਾ ਨੇ ਪਹਿਲਾਂ ਲਾਹੌਰ ਅਤੇ ਫਿਰ ਉਪਰੰਤ ਸ਼ਿਮਲੇ ਤੇ ਫਿਰ ਦਿੱਲੀ ਵਿਚ ਪੰਜਾਬੀ ਥੀਏਟਰ '[illegible]' ਨਾਂ ਦੀ ਸੰਸਥਾ ਬਣਾ ਕੇ ਪੰਜਾਬੀ ਰੰਗਮੰਚ ਨੂੰ ਵਿਕਸਿਤ ਕਰਨ ਵਿਸ਼ੇਸ਼ ਯਤਨ ਕੀਤਾ ਹੈ। ਉਸਨੇ ਬੂਹੇ ਬੈਠੀ ਧੀ, ਮਨ ਮਿਟਦੇ ਵਾਲੇ, ਪਰਲੋਂ ਤੋਂ ਪਹਿਲਾਂ, ਬੰਧਨੇ ਤੇ ਨੌਂ ਇਕਾਂਗੀ ਆਦਿ ਰਚਨਾਵਾਂ ਦੀ ਸਿਰਜਣਾ ਕੀਤੀ ਹੈ। ਉਸ ਨੇ ਸ਼ਹਿਰੀ ਮੱਧ ਸ਼੍ਰੇਣੀ ਦੇ ਜੀਵਨ ਦੀਆਂ ਸਮੱਸਿਆਵਾਂ ਨੂੰ ਯਥਾਰਥਵਾਦੀ ਦ੍ਰਿਸ਼ਟੀ ਤੋਂ ਚਿਤਰਿਆ ਹੈ। ਉਸਦੇ ਇਕਾਂਗੀਆਂ ਵਿਚ ਪਾਤਰਾਂ ਦਾ ਕਲਾਤਮਕ ਚਿਤਰਨ, ਵਿਅੰਗ, ਹਾਸ-ਰਸ ਆਦਿ ਗੁਣਾਂ ਦੀ ਸਫਲ ਵਰਤੋਂ ਹੋਈ ਹੈ। ਕਰਤਾਰ ਸਿੰਘ ਦੁੱਗਲ ਨੇ ਰੇਡੀਓ ਨਾਟਕ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਪੁਰਾਣੀਆਂ ਬੋਤਲਾਂ, ਮਿੱਠਾ ਪਾਣੀ, ਕੋਰਸ ਆਦਿ ਪੂਰੇ ਨਾਟਕਾਂ ਤੋਂ ਇਲਾਵਾ ਦੀਵਾ ਬੁਝ ਗਿਆ, ਅਮਾਨਤ ਤੇ [illegible] ਆਦਿ ਇਕਾਂਗੀਆਂ ਦੀ ਸਿਰਜਣਾ ਕੀਤੀ ਹੈ। ਦੁੱਗਲ ਆਪਣੇ ਨਾਟਕਾਂ ਤੇ ਇਕਾਂਗੀਆਂ ਵਿਚ ਪਾਤਰਾਂ ਦੀਆਂ ਸੂਖਮ ਭਾਵਨਾਵਾਂ ਨੂੰ ਫਰਾਇਡਵਾਦੀ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੈ।

ਡਾ. ਰੋਸ਼ਨ ਲਾਲ ਆਹੂਜਾ ਤੇ ਗੁਰਦਿਆਲ ਸਿੰਘ ਫੁੱਲ ਨੇ ਸਿੱਖੀ ਦੇ ਪੱਖ ਤੋਂ ਪੂਰੇ ਨਾਟਕਾਂ ਤੇ ਇਕਾਂਗੀਆਂ ਦੀ ਸਿਰਜਣਾ ਕੀਤੀ ਹੈ। ਆਹੂਜਾ ਨੇ ਇਤਿਹਾਸਕ ਤੇ ਪੌਰਾਣਿਕ

Scanned with CamScanner

ਰਚਨਾਵਾਂ ਨੂੰ ਆਧਾਰ ਬਣਾ ਕੇ ਇਤਿਹਾਸਕ ਰਤਨਾਵਾਂ ਸ਼ਿਲਪ ਦੀ ਸਿਰਜਤ ਨੂੰ ਵਿਕਸਿਤ ਕਰਨ ਦਾ ਯਤਨ ਕੀਤਾ ਹੈ, ਉਸਨੇ ਕਲਿੰਗਾ ਦਾ ਦੁਖਾਂਤ, ਭੂਮੀ ਅਰਪਣ, ਹੜਤਾਲ ਤੇ ਤਕਦੀਰ ਪੂਰੇ ਨਾਟਕਾਂ ਤੋਂ ਇਲਾਵਾ ਜੌਹਰ, ਵਿਰਸਾ, ਗਾਂਧੀਵਾਦੀ, ਜੋਤ ਨੇ ਆਦਿ ਇਕਾਂਗੀ ਸੰਗ੍ਰਹਿ ਲਿਖੇ ਹਨ। ਆਹੂਜਾ ਦੇ ਨਾਟਕਾਂ ਵਿਚ ਬਹੁਤੀਆਂ ਝਾਕੀਆਂ, ਇੱਕੀ ਵਾਰਤਾਲਾਪ, ਰੰਗ-ਮੰਚੀ ਅਸਫਲਤਾ ਆਦਿ ਕਮਜ਼ੋਰੀਆਂ ਦੇਖਣ ਨੂੰ ਮਿਲਦੀਆਂ ਹਨ।

ਗੁਰਦਿਆਲ ਸਿੰਘ ਫੁੱਲ ਨੇ ਰਕਤ ਕੁੰਡ ਰੱਬ, ਅਣਜਾਣਾਂ, ਕਾਕਾ ਜੀ, ਧਰਤੀ ਵੇਹੜੇ, ਰਸਾ ਤੇ ਜ਼ਿੰਦਗੀ, ਉਜਾੜ ਸਭ ਰਹੀ, ਆਦਿ ਪੂਰੇ ਨਾਟਕਾਂ ਤੋਂ ਇਲਾਵਾ ਕਫਨ ਦਾ ਟੋਟਾ, ਤੋਕਰੀ ਕਰ, ਬੰਦ ਦਰਵਾਜ਼ਾ ਆਦਿ ਇਕਾਂਗੀ ਸੰਗ੍ਰਹਿ ਲਿਖੇ ਹਨ। ਉਸਨੇ ਆਪਣੀਆਂ ਰਚਨਾਵਾਂ ਵਿਚ ਪੇਂਡੂ ਤੇ ਸ਼ਹਿਰੀ ਜੀਵਨ ਦੀਆਂ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ। ਇਸ ਸਮੇਂ ਅਮਰੀਕ ਸਿੰਘ ਨੇ ਆਸਾਂ ਦੇ ਅੰਬਾਰ ਤੇ ਜੀਵਨ ਝਲਕਾਂ ਦੋ ਇਕਾਂਗੀ ਸੰਗ੍ਰਹਿ ਲਿਖ ਕੇ ਸ਼ਹਿਰੀ ਜੀਵਨ ਦੇ ਪਾਤਰਾਂ ਨੂੰ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਚਿਤਰਿਆ ਹੈ। ਉਸਨੂੰ ਨਾਟਕੀ ਤਕਨੀਕ ਤੇ ਵਿਸ਼ੇ ਦੀ ਚੋਣ ਵਿਚ ਸੁਘੜਤਾ ਹਾਸਲ ਹੈ।

ਵੀਹਵੀਂ ਸਦੀ ਦੇ ਛੇਵੇਂ ਦਹਾਕੇ ਵਿਚ ਪ੍ਰਯੋਗਸ਼ੀਲ ਸਾਹਿਤਕ ਲਹਿਰ ਤੋਂ ਵਿਚ ਆਉਣ ਨਾਲ ਪੰਜਾਬੀ ਨਾਟਕ ਦੇ ਵਿਸ਼ਿਆਂ ਤੇ ਰੂਪਬੰਧ ਵਿਚ ਬੁਨਿਆਦੀ ਤਬਦੀਲੀ ਆਉਂਦੀ ਹੈ। ਪੱਛਮੀ ਨਾਟਕ ਦੀਆਂ ਵਿਭਿੰਨ ਤਕਨੀਕਾਂ ਨੂੰ ਆਧਾਰ ਬਣਾ ਕੇ ਆਧੁਨਿਕ ਮਨੁੱਖ ਦੀਆਂ ਸਮੱਸਿਆਵਾਂ ਨੂੰ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਪੇਸ਼ਕਾਰੀ ਇਸ ਦੌਰ ਦੇ ਨਾਟਕਾਂ ਦਾ ਮੂਲ ਕੇਂਦਰ ਬਣਦੀ ਹੈ। ਕਪੂਰ ਸਿੰਘ ਘੁੰਮਣ ਨੇ ਜ਼ਿੰਦਗੀ ਤੋਂ ਦੂਰ, ਜਿਉਂਦੀ ਲਾਸ਼, ਅਤੀਤ ਦੇ ਪਰਛਾਵੇਂ, ਆਤਮਾ ਦੀ ਲੋੜ ਜਾਤ, ਬਿਸਮਾਦ ਨਾਦ ਆਦਿ ਪੂਰੇ ਨਾਟਕਾਂ ਤੋਂ ਇਲਾਵਾ ਦੋ ਜੋੜੇ ਦੋ ਮੁੰਦਰਾਂ, ਪੰਜਾਬ, ਰਹੀ ਤੇ ਰਹਿਤ, ਕੁੰਭਕਰਨਾ, ਰੱਬ ਦੇ ਗਜਰੇ ਆਦਿ ਇਕਾਂਗੀ ਸੰਗ੍ਰਹਿ ਲਿਖੇ ਹਨ। ਘੁੰਮਣ ਨੇ ਆਪਣੇ ਨਾਟਕਾਂ ਤੇ ਇਕਾਂਗੀਆਂ ਵਿਚ ਚਿੰਨ੍ਹਾਤਮਕ ਸ਼ੈਲੀ ਤੋਂ ਬਿਨਾਂ ਕਾਵਿਮਈ ਲਿਖਣ ਤੇ ਉਸਦਾ ਵਾਰਤਾਲਾਪ ਦੀ ਵਰਤੋਂ ਕੀਤੀ ਹੈ। ਉਸਦੇ ਸਾਰੇ ਨਾਟਕ ਤੇ ਇਕਾਂਗੀ ਸਫਲਤਾ ਸਹਿਤ ਰੰਗਮੰਚ ਤੇ ਪੇਸ਼ ਕੀਤੇ ਗਏ ਹਨ।

ਸੁਰਜੀਤ ਸਿੰਘ ਸੇਠੀ, ਪੰਜਾਬੀ ਸਾਹਿਤ ਦਾ ਇਕ ਅਜਿਹਾ ਨਾਟਕਕਾਰ ਹੈ ਜਿਸਨੇ ਆਪਣੀਆਂ ਨਾਟਕੀ ਕਿਰਤਾਂ ਵਿਚ ਪਹਿਲੀ ਵਾਰੀ ਐਬਸਰਡ ਸ਼ੈਲੀ ਦਾ ਪ੍ਰਯੋਗ ਕੀਤਾ ਹੈ। ਉਸਦੀ ਕਿਰਤ-ਧੀ ਸਮਾਜਕ ਵਿਸ਼ਿਆਂ ਨਾਲੋਂ ਮਨੋਵਿਗਿਆਨਕ ਸਥਿਤੀਆਂ ਵੱਲ ਵਧੇਰੇ ਹੈ। ਉਸਨੇ 'ਸਾਹਿਬਜ਼ਾਦਾ', 'ਭਰਿਆ-ਭਰਿਆ, ਸੱਖਣਾ-ਸੱਖਣਾ', 'ਕਿੰਗ ਮਿਰਜ਼ਾ ਤੇ ਸਪੇਰਾ', 'ਮਰਦ ਮਰਦ ਨਹੀਂ ਤੀਵੀਂ ਤੀਵੀਂ ਨਹੀਂ' ਆਦਿ ਪੂਰੇ ਨਾਟਕਾਂ ਤੋਂ ਬਿਨਾਂ ਰਕਦੇ ਰਿਹੇ, ਮੇਰੇ ਇਕਾਂਗੀ ਦਾ ਸਫਰ ਤੇ ਸ਼ਾਮਾਂ ਪੈ ਗਈਆਂ ਇਕਾਂਗੀ ਸੰਗ੍ਰਹਿ ਲਿਖੇ ਹਨ। ਸੇਠੀ ਨੇ ਆਪਣੇ ਨਾਟਕਾਂ ਤੇ ਇਕਾਂਗੀਆਂ ਵਿਚ ਆਧੁਨਿਕ ਢੰਗ ਦੀ ਵਰਤੋਂ, ਪਰੰਤੂ ਉਸਨੇ ਨਵੇਂ ਪ੍ਰਯੋਗਾਂ ਤੇ ਛੋਟੇ ਵਾਰਤਾਲਾਪ ਦੁਆਰਾ ਵੱਖਰੀ ਪਹਿਚਾਣ ਕਾਇਮ ਕੀਤੀ ਹੈ।

ਗੁਰਚਰਨ ਸਿੰਘ ਜਸੂਜਾ ਨੇ ਬਾਦਸ਼ਾਹ ਦਰਵੇਸ਼, ਪਾਰਸ ਦੀ ਛੂਹ, ਮੌਮਣ ਸਾਹ...

Scanned with CamScanner

ਆਦਿ ਪੂਰੇ ਨਾਟਕਾਂ ਤੋਂ ਇਲਾਵਾ ਸੁਖਮਨੀ ਦੇ ਚਾਨਣ ਵਿਚ, ਗੁਰੂ ਗਰੀਬ ਨਿਵਾਜ਼ ਇਕਾਂਗੀ ਸੰਗ੍ਰਹਿ ਲਿਖੇ ਹਨ। ਸਮੱਸਿਆ ਦੀ ਪੇਸ਼ਕਾਰੀ, ਪਾਤਰ ਚਿਤਰਣ, ਢੁਕਵਾਂ ਵਾਰਤਾਲਾਪ, ਤਿੱਖੀ ਤੇ ਪੀਡੀ ਗੋਂਦ ਆਦਿ ਗੁਣਾਂ ਦੀ ਸਫਲ ਪੇਸ਼ਕਾਰੀ ਵਿਚ ਹੈ। ਉਸਨੇ ਯਥਾਰਥਵਾਦੀ ਦ੍ਰਿਸ਼ਟੀ ਤੋਂ ਆਰਥਕ ਨਾ-ਬਰਾਬਰੀ ਤੇ ਪੂੰਜੀਵਾਦੀ ਵਿਵਸਥਾ ਤੇ ਵਿਅੰਗ ਸਿਰਜਿਆ ਹੈ। ਇਸ ਪੀੜ੍ਹੀ ਦੇ ਨਾਟਕਕਾਰਾਂ ਵਿਚ ਹਰਸ਼ਰਨ ਸਿੰਘ ਦਾ ਵਿਸ਼ੇਸ਼ ਸਥਾਨ ਹੈ। ਉਸਨੇ ਵਿਸ਼ੇ ਤੇ ਰੂਪ ਦੋਹਾਂ ਪੱਖਾਂ ਤੋਂ ਹੀ ਨਵੇਂ ਪ੍ਰਯੋਗ ਕਰਕੇ ਹੇਠਲੀ ਮੱਧ ਸ਼੍ਰੇਣੀ ਦੇ ਜੀਵਨ ਨੂੰ ਪ੍ਰਗਤੀਵਾਦੀ ਦ੍ਰਿਸ਼ਟੀ ਤੇ ਵਿਅੰਗਮਈ ਸ਼ੈਲੀ ਵਿਚ ਚਿਤਰਿਆ ਹੈ। ਉਸਨੇ ਜਿਗਰਾ, ਟੁੱਕ ਤੁਮਕਾ ਗਿਆ, ਅਪਰਾਧੀ, ਉਦਾਸ ਲੋਕ, ਕੱਲੇ ਸਮੇਂ ਦਾ ਨਾਚ, ਨਿਜ਼ਾਮ ਸਿੱਕਾ, ਹੀਰ-ਰਾਂਝਾ ਆਦਿ ਪੂਰੇ ਨਾਟਕਾਂ ਤੋਂ ਇਲਾਵਾ ਜੋਤ ਤੋਂ ਜੋਤ ਜਗੇ, ਮੇਰੇ ਨਾਲ ਦਿਵਾਨੀ, ਪਰਦੇ, ਰੰਗ ਤਮਾਸ਼ੇ, ਮੇਰੇ ਚੋਣਵੇਂ ਇਕਾਂਗੀ ਆਦਿ ਇਕਾਂਗੀ ਸੰਗ੍ਰਹਿ ਲਿਖੇ ਹਨ। ਰੰਗ-ਮੰਚ ਦੀਆਂ ਆਧੁਨਿਕ ਤਕਨੀਕਾਂ ਤੋਂ ਜਾਣੂ ਹੋਣ ਕਰਕੇ ਉਸਦੇ ਸਾਰੇ ਨਾਟਕ ਤੇ ਇਕਾਂਗੀ ਰੰਗ-ਮੰਚ ਤੇ ਸਫਲਤਾ ਸਹਿਤ ਖੇਡੇ ਗਏ ਹਨ। ਇਹਨਾਂ ਪ੍ਰਮੁੱਖ ਨਾਟਕਕਾਰਾਂ ਤੋਂ ਇਲਾਵਾ ਹਰਬੰਸ ਸਿੰਘ ਜੌਲੀ ਤੇ ਪਿਆਰਾ ਸਿੰਘ ਭੋਗਲ ਨੇ ਆਪਣੇ ਨਾਟਕਾਂ ਤੇ ਇਕਾਂਗੀਆਂ ਦੁਆਰਾ ਪੰਜਾਬੀ ਨਾਟਕ ਨੂੰ ਵਿਸ਼ੇ ਤੇ ਰੂਪ ਦੋਹਾਂ ਪੱਖਾਂ ਤੋਂ ਨਵੀਨ ਦ੍ਰਿਸ਼ਟੀ ਵਾਲੀਆਂ ਰਚਨਾਵਾਂ ਦਿੱਤੀਆਂ ਹਨ।

੨੦ਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਨਵੀਨ ਪ੍ਰਸੰਗ ਦੇ ਨਾਟਕਕਾਰਾਂ ਦਾ ਪ੍ਰਵੇਸ਼ ਹੁੰਦਾ ਹੈ। ਅਜਮੇਰ ਔਲਖ, ਆਤਮਜੀਤ, ਗੁਰਸ਼ਰਨ ਸਿੰਘ, ਚਰਨ ਦਾਸ ਸਿੱਧੂ ਆਦਿ ਨਾਟਕਕਾਰਾਂ ਨੇ ਨਵੀਆਂ ਨਾਟ ਵਿਧੀਆਂ ਦੁਆਰਾ ਜ਼ਿੰਦਗੀ ਦੀਆਂ ਗੰਭੀਰ ਸਮੱਸਿਆਵਾਂ ਦੀ ਪੇਸ਼ਕਾਰੀ ਕੀਤੀ ਹੈ। ਔਲਖ ਨੇ ਸੱਤ ਬਗਾਨੇ, ਇੱਕ ਸੀ ਦਰਿਆ, ਕਿਹਰ ਸਿੰਘ ਦੀ ਮੌਤ, ਸਲਵਾਨ ਆਦਿ ਪੂਰੇ ਨਾਟਕਾਂ ਤੋਂ ਇਲਾਵਾ ਅਰਬਦ-ਨਰਬਦ, ਧੁੰਦੂਕਾਰਾ, ਬਗਾਨੇ ਬੋਹੜ ਦੀ ਛਾਂ, ਗਾਨੀ, ਅੰਨ੍ਹੇ ਨਿਸ਼ਾਨਚੀ, ਮੇਰੇ ਚੋਣਵੇਂ ਇਕਾਂਗੀ ਆਦਿ ਇਕਾਂਗੀ ਸੰਗ੍ਰਹਿ ਲਿਖ ਕੇ ਆਪਣੀ ਪਹਿਚਾਨ ਕਾਇਮ ਕੀਤੀ ਹੈ। ਔਲਖ ਨੇ ਆਪਣੀਆਂ ਰਚਨਾਵਾਂ ਵਿਚ ਮਲਵਈ ਉਪਭਾਸ਼ਾ ਨੂੰ ਮਾਧਿਅਮ ਬਣਾ ਕੇ ਮਾਲਵੇ ਦੇ ਖਿੱਤੇ ਨਾਲ ਸੰਬੰਧਿਤ ਸਮੱਸਿਆਵਾਂ ਦੀ ਪੇਸ਼ਕਾਰੀ ਕੀਤੀ ਹੈ। ਉਸਨੇ ਆਪਣੇ ਨਾਟਕਾਂ ਤੇ ਇਕਾਂਗੀਆਂ ਵਿਚੋਂ ਵਿਸ਼ੇ ਦੀ ਚੋਣ ਤੇ ਨਾਟ ਸ਼ੈਲੀ ਦੋਹਾਂ ਪੱਖਾਂ ਤੋਂ ਹੀ ਯਥਾਰਥਵਾਦੀ ਚੇਤਨਾ ਨੂੰ ਆਧਾਰ ਬਣਾਇਆ ਹੈ।

ਆਤਮਜੀਤ ਨੇ ਮੁੱਖ ਤੌਰ ਤੇ ਆਧੁਨਿਕ ਸ਼ਹਿਰੀ ਮਨੁੱਖ ਦੇ ਵਿਸੰਗਤੀਆਂ ਭਰਪੂਰ ਜੀਵਨ ਨੂੰ ਆਪਣੇ ਨਾਟਕਾਂ ਵਿਚ ਵਿਸ਼ੇ-ਵਸਤੂ ਵਜੋਂ ਚੁਣਿਆ ਹੈ। ਉਸਨੇ ਕਬਰਿਸਤਾਨ, ਸ਼ਹਿਰ ਬੀਮਾਰ ਹੈ, ਫਰਸ਼ ਵਿਚ ਉਗਿਆ ਰੁੱਖ, ਪੂਰਨ, ਰਿਸ਼ਤਿਆਂ ਦਾ ਕੀ ਰੱਖੀਏ ਨਾਂ, ਕੈਮਲੂਪਸ ਦੀਆਂ ਮੱਛੀਆਂ ਆਦਿ ਪੂਰੇ ਨਾਟਕਾਂ ਤੋਂ ਇਲਾਵਾ ਚਾਬੀਆਂ, ਹਵਾ ਮਹਿਲ, ਨਾਟਕ ਨਾਟਕ ਨਾਟਕ, ਚਿੜੀਆਂ ਆਦਿ ਇਕਾਂਗੀ ਸੰਗ੍ਰਹਿ ਲਿਖੇ ਹਨ। ਉਸਦੇ ਨਾਟਕਾਂ ਤੇ ਇਕਾਂਗੀਆਂ ਵਿਚ ਪ੍ਰਤੀਕਾਂ ਦੀ ਬੜੇ ਅਰਥਪੂਰਨ ਢੰਗ ਨਾਲ ਸਫਲ ਵਰਤੋਂ ਕੀਤੀ ਗਈ ਹੈ। ਉਸਨੇ ਪੱਛਮ ਵਿਚ ਵਿਕਸਿਤ ਤਕਨੀਕਾਂ ਨੂੰ ਸਫਲਤਾ ਸਹਿਤ ਆਪਣੀਆਂ ਰਚਨਾਵਾਂ ਵਿਚ ਪੇਸ਼ ਕੀਤਾ ਹੈ।

Scanned with CamScanner

ਗੁਰਸ਼ਰਨ ਸਿੰਘ ਨੇ ਆਪਣੇ ਨਾਟਕਾਂ ਤੇ ਇਕਾਂਗੀਆਂ ਵਿਚ ਸਰਮਾਏਦਾਰ, ਰਾਜਨੀਤਕਾਂ ਤੇ ਧਾਰਮਿਕ ਵਿਅਕਤੀਆਂ ਨੂੰ ਜਮਾਤ ਦੁਸ਼ਮਣ ਦ੍ਰਿਸ਼ਟੀ ਤੋਂ ਚਿਤਰਿਆ ਹੈ। ਉਸਦੇ ਧਮਕ ਨਗਾਰੇ ਦੀ, ਸ਼ੀਸ਼ਿਆਂ ਦੇ, ਟੋਇਆਂ ਆਦਿ ਪੂਰੇ ਨਾਟਕ ਜਿਥੇ ਹਨ। ਉਸਦੇ ਰਾਜ ਸ਼ਾਹਿਕਾਂ ਦਾ, ਤੂਤਾਂ, ਇਕ ਕੁਰਸੀ ਇਕ ਮੋਰਚਾ ਤੇ ਹਵਾ ਵਿਚ ਲਟਕਦੇ ਲੋਕ ਆਦਿ ਇਕਾਂਗੀ ਸੰਗ੍ਰਹਿ ਪੰਜਾਬ ਥੀਏਟਰ ਨੂੰ ਪੇਸ਼ ਕਰਦੇ ਹਨ। ਉਸਨੂੰ ਭਾਰਤ ਦੀ ਸੱਤਾ ਪੈਂਦੀ ਹੈ ਤੇ ਉਹ ਬੇਰੁਜ਼ਗਾਰੀ, ਗਰੀਬੀ ਤੇ ਸਿਹਤ ਨਾਲ ਜੁੜੀ ਚੇਤਨਾ, ਧਰਮ, ਸੰਪਰਦਾਇਕ ਏਕਤਾ ਆਦਿ ਸਮੱਸਿਆਵਾਂ ਨੂੰ ਆਪਣੀਆਂ ਰਚਨਾਵਾਂ ਵਿਚ ਪੇਸ਼ ਕਰਦਾ ਰਿਹਾ ਹੈ। ਚਰਨ ਦਾਸ ਸਿੱਧੂ ਨੇ ਇੰਦੂਮਤੀ ਸਤਿਦੇਵ, ਭਜਨੋ ਆਦਿ ਨਾਟਕਾਂ ਰਾਹੀਂ ਸਾਹਿਤਕ ਨਾਟਕਾਂ ਨੂੰ ਸੁਰਜੀਤ ਕਰਨ ਦਾ ਯਤਨ ਕੀਤਾ ਹੈ। ਉਸਨੇ ਦੁਆਬੇ ਦੇ ਪਿੰਡ ਨਾਲ ਸੰਬੰਧਤ ਸਮੱਸਿਆਵਾਂ ਨੂੰ ਵਿਸ਼ੇ ਵਸਤੂ ਦੀ ਉਪਭਾਸ਼ਾ ਰਾਹੀਂ ਸਿਰਜਣ ਦੀ ਸਫ਼ਲ ਕੋਸ਼ਿਸ਼ ਕੀਤੀ ਹੈ।

ਨਵੇਂ ਉਭਰ ਰਹੇ ਨਾਟਕਕਾਰਾਂ ਵਿਚ ਸਤਜੀਤ ਰਾਜ ਸ਼ੇਰ, ਸਤੀਸ਼ ਕੁਮਾਰ ਵਰਮਾ, ਦੇਵਿੰਦਰ ਦਮਨ, ਇਕਿਆਸ ਅਸਰ, ਪਾਲੀ ਭੁਪਿੰਦਰ ਆਦਿ ਦੇ ਨਾਂ ਵਰਣਨਯੋਗ ਹਨ। ਇਹ ਨਾਟਕਕਾਰ ਆਪਣੀਆਂ ਨਾਟਕੀ ਜੁਗਤਾਂ ਦੁਆਰਾ ਪੰਜਾਬੀ ਨਾਟਕ ਨੂੰ ਨਵੀਆਂ ਸੰਭਾਵਨਾਵਾਂ ਤੇ ਨਵੇਂ ਦਿਸ ਹੱਦਿਆਂ ਵੱਲ ਤੋਰਨ ਲਈ ਯਤਨਸ਼ੀਲ ਹਨ। ਇਹਨਾਂ ਦੇ ਨਾਟਕਾਂ ਤੇ ਇਕਾਂਗੀਆਂ ਵਿਚ ਪੱਛਮੀ ਰੰਗਮੰਚ ਦੇ ਨਵੀਨ ਪ੍ਰਯੋਗਾਂ ਦੇ ਝਲਕਾਰੇ ਵੇਖਣ ਨੂੰ ਮਿਲਦੇ ਹਨ।

ਉਪਰੋਕਤ ਸਮੁੱਚੀ ਵਿਚਾਰ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਨਾਟਕ ਤੇ ਇਕਾਂਗੀ ਰਚਨਾ ਨੇ ਪੱਛਮ ਵਿਚ ਪ੍ਰਚਲਿਤ ਨਾਟ ਪਰੰਪਰਾ ਦਾ ਸਮੇਂ-ਸਮੇਂ ਪ੍ਰਭਾਵ ਕਬੂਲਿਆ ਹੈ। ਆਦਰਸ਼ਵਾਦੀ, ਯਥਾਰਥਵਾਦੀ ਪ੍ਰਵਿਰਤੀ ਨੇਰਾਂ ਦੇ ਨਾਟਕਾਂ ਤੇ ਇਕਾਂਗੀਆਂ ਵਿਚ ਵੇਖਣ ਨੂੰ ਮਿਲਦੀ ਹੈ। ਫਿਰ ਸਮਾਜਵਾਦ ਦੇ ਪ੍ਰਭਾਵ ਅਧੀਨ ਡਾ. ਹਰਚਰਨ ਸਿੰਘ, ਗਾਰਗੀ, ਸੇਖੋਂ ਆਦਿ ਨੇ ਸਮਾਜਿਕ ਸਮੱਸਿਆਵਾਂ ਦੀ ਪੇਸ਼ਕਾਰੀ ਕੀਤੀ ਹੈ। ਨਵੀਆਂ ਨਾਟਵਿਧੀਆਂ ਦੇ ਪ੍ਰਭਾਵ ਅਧੀਨ ਗਾਰਗੀ, ਸੇਠੀ, ਪ੍ਰੀਤਮ, ਆਤਮਜੀਤ ਆਦਿ ਨਾਟਕਕਾਰਾਂ ਨੇ ਨਵੇਂ ਪ੍ਰਯੋਗ ਕੀਤੇ ਹਨ। ਅਖੀਰ ਵਿਚ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਨਾਟਕ ਸਮੇਂ ਦਾ ਹਾਣੀ ਬਣਨ ਲਈ ਯਤਨਸ਼ੀਲ ਹੈ। ਆਧੁਨਿਕ ਰੰਗਮੰਚੀ ਤਕਨੀਕਾਂ ਦੇ ਦੌਰ ਵਿਚ ਲੋੜ ਨਾਲ ਪੰਜਾਬੀ ਨਾਟਕ ਦੇ ਵਿਕਾਸ ਤੇ ਭਵਿੱਖ ਸੰਬੰਧੀ ਆਸ਼ਾਭਰਪੂਰ ਸੰਭਾਵਨਾਵਾਂ ਨਜ਼ਰ ਆ ਰਹੀਆਂ ਹਨ।

Scanned with CamScanner